# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨਾ ਅਥਾਰਟੀ (ਪੰਜਾਬ)

ਪੰਜਵੀ ਮੰਜਿਲ, ਈ ਬਲਾਕ, ਵਿੱਦਿਆ ਭਵਨ, ਫੇਜ-8 ਐਸ.ਏ.ਐਸ ਨਗਰ (ਮੁਹਾਲੀ), ਪੰਜਾਬ

**ਵੱਲ**

1 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ),

2 ਸਬੰਧਤ ਪ੍ਰਿੰਸੀਪਲ/ਸਕੂਲ ਮੁੱਖੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਪੰਜਾਬ।

ਮੀਮੋ ਨੰ:- ਸਮਗ੍ਰਾ/ਪਚਾਰ/2022/142995 ਮਿਤੀ:- 16-06-2022

**ਵਿਸ਼ਾ** –ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਨਵੇਂ ਕੰਪਿਊਟਰ ਦੇਣ ਸਬੰਧੀ।

1 ਉਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਗਾਈਡੈਂਸ ਕਾਊਸਲਿੰਗ ਅਧੀਨ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਬਣੇ ਗਾਈਡੈਂਸ ਕਾਰਨਰ ਵਿਖੇ ਪੰਜਾਬ ਕੈਰੀਰ ਪੋਰਟਲ ਦੇ ਦਿੱਤੇ ਗਏ ਕਿੱਤਾ ਮੁੱਖੀ ਕੋਰਸਾਂ ਤੋ ਵਿਦਿਆਰਥੀਆਂ ਨੂੰ ਰੁਬਰੂ ਕਰਵਾਉਣ ਅਤੇ ਉਹਨਾ ਨਾਲ ਸਬੰਧਤ ਆਨ ਲਾਈਨ ਫਾਰਮਾਂ ਨੂੰ ਭਰ ਸਕਣ ਇਸ ਮੰਤਵ ਨਾਲ ਪ੍ਰਤੀ ਗਾਈਡੈਂਸ ਕਾਰਨ ਕੰਪਿਊਟਰ ਦਿੱਤਾ ਜਾ ਰਿਹਾ ਹੈ।

2 ਕੰਪਿਊਟਰਾਂ ਦੀ ਸਪਲਾਈ ਅਤੇ ਇੰਸਟਾਲੇਸ਼ਨ ਦਾ ਕੰਮ ਜਲਦ ਸ਼ੁਰੂ ਕੀਤਾ ਜਾ ਰਿਹਾ ਹੈ।

3 ਕੰਪਿਊਟਰ M/s Acer India Pvt. Ltd ਵੱਲੋਂ ਇੰਸਟਾਲ ਕੀਤਾ ਜਾਵੇਗਾ। ਕੰਪਨੀ ਵੱਲੋਂ ਇੰਸਟਾਲ ਕੀਤੀਆਂ ਜਾਣ ਵਾਲੇ ਕੰਪਿਊਟਰਾਂ ਦੀਆਂ ਮੁੱਖ ਸਪੈਸੀਫਿਕੇਸ਼ਨਾਂ ਹੇਠ ਅਨੁਸਾਰ ਹਨ: —

| S.No. | Item | Brand/Make | Main Specifications |
|---|---|---|---|
| 1 | Desktop Computer | acer | $10^{th}$ generation, Intel Core i3 quad core, 8 GB RAM, 1 TB HDD, LED- 21.5", OS- Windows 10 |

4 ਜੇਕਰ ਕੰਪਿਊਟਰ ਦੀ ਇੰਸਟਾਲੇਸ਼ਨ ਲਈ ਫ਼ਰਨੀਚਰ ਦੀ ਜ਼ਰੂਰਤ ਹੋਵੇ ਤਾਂ ਲੋੜੀਂਦੇ ਫ਼ਰਨੀਚਰ ਦਾ ਪ੍ਰਬੰਧ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ।

5 ਸਕੂਲ ਵਿਖੇ ਫ਼ਰਨੀਚਰ ਅਤੇ ਬਿਜਲੀ ਦੀ ਫਿਟਿੰਗ ਕੰਪਿਊਟਰਾਂ ਦੀ ਇੰਸਟਾਲੇਸ਼ਨ ਤੋਂ ਪਹਿਲਾਂ—ਪਹਿਲਾਂ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਕੰਪਿਊਟਰਾਂ ਦੀ ਇੰਸਟਾਲੇਸ਼ਨ ਵਿੱਚ ਦੇਰੀ ਨਾ ਹੋਵੇ।

6 ਸਕੂਲ ਮੁਖੀ ਆਪਣੀ ਨਿਗਰਾਨੀ ਹੇਠ ਆਪਣੀ ਸੁਵਿਧਾ ਅਨੁਸਾਰ ਕੰਪਿਊਟਰ ਦੀ ਇੰਸਟਾਲੇਸ਼ਨ ਕਰਵਾਉਣੀ ਯਕੀਨੀ ਬਣਾਉਣ ਉਪਰੰਤ ਈ—ਪੰਜਾਬ ਪੋਰਟਲ ਤੇ ਬਣਾਏ ਗਏ module ਵਿੱਚ ਇੰਸਟਾਲੇਸ਼ਨ ਹੋਣ ਦੇ 24 ਘੰਟਿਆਂ ਦੇ ਅੰਦਰ—ਅੰਦਰ ਡਾਟਾ update ਕਰਨਗੇ।

7 ਇੰਸਟਾਲੇਸ਼ਨ ਉਪਰੰਤ ਸਾਰੀਆਂ items ਨੂੰ ਇੱਕ ਵਾਰ ਚਲਾ ਕੇ ਤਸੱਲੀ ਕਰਨ ਉਪਰੰਤ ਹੀ ਕੰਪਨੀ ਦੀ ਇੰਸਟਾਲੇਸ਼ਨ ਰਿਪੋਰਟ ਸਕੂਲ ਮੁਖੀ ਵੱਲੋਂ ਤਸਦੀਕ ਕਰਦੇ ਹੋਏ ਇੰਸਟਾਲੇਸ਼ਨ ਦੀ ਮਿਤੀ ਸਾਫ—ਸਾਫ ਦਰਜ ਕੀਤੀ ਜਾਵੇ ਅਤੇ ਇਸਦੀ ਇੱਕ ਕਾਪੀ ਸਕੂਲ ਦੇ ਰਿਕਾਰਡ ਵਿੱਚ ਰੱਖਣੀ ਯਕੀਨੀ ਬਣਾਈ ਜਾਵੇ।

8 ਕੰਪਿਊਟਰਾਂ ਦੀ ਇੰਸਟਾਲੇਸ਼ਨ ਸੁਰੱਖਿਅਤ ਜਗ੍ਹਾ ਤੇ ਕਰਵਾਈ ਜਾਵੇ ਤਾਂ ਜੋ ਚੋਰੀ ਆਦਿ ਦੀ ਸੰਭਾਵਨਾ ਨਾ ਰਹੇ।

9 ਸਟਾਕ ਰਜਿਸਟਰ ਵਿੱਚ ਕੰਪਿਊਟਰਾਂ ਦੀ entry ਕਰਨੀ ਯਕੀਨੀ ਬਣਾਈ ਜਾਵੇ ਅਤੇ ਸਾਰੀਆਂ ਆਈਟਮਾਂ ਦੇ serial ਨੰਬਰ ਦਰਜ ਕੀਤੇ ਜਾਣ ਕਿਉਂਕਿ ਕੰਪਨੀ ਕੋਲ ਖਰਾਬ ਹੋਏ ਕੰਪਿਊਟਰ ਦੀ ਸ਼ਿਕਾਇਤ ਦਰਜ ਕਰਵਾਉਣ ਵੇਲੇ ਕੰਪਨੀ ਵੱਲੋਂ ਸੰਬੰਧਤ ਆਈਟਮਾਂ ਦੇ Serial Number ਦੀ ਮੰਗ ਕੀਤੀ ਜਾਂਦੀ ਹੈ।

10 ਇੰਸਟਾਲੇਸ਼ਨ ਲਈ ਕੰਪਨੀ ਦੇ ਨੁਮਾਇੰਦਿਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇੰਸਟਾਲੇਸ਼ਨ ਲਈ ਸਕੂਲ ਦਾ ਕੋਈ ਵੀ ਅਧਿਕਾਰੀ ਸਕੂਲ ਵਿੱਚ ਹਾਜਿਰ ਹੋਵੇ।

11 ਕੰਪਿਊਟਰ ਦੀ ਵਰੰਟੀ 3 ਸਾਲ ਹੈ ।ਇਸ ਸਮੇਂ ਦੌਰਾਨ ਕੰਪਿਊਟਰਾਂ ਵਿੱਚ ਖਰਾਬੀ ਆਉਣ ਤੇ ਕੰਪਨੀ ਕੋਲ ਸ਼ਿਕਾਇਤ ਦਰਜ ਕਰਵਾਉਣ ਲਈ ਕੰਪਨੀ ਦੇ contact number ਇਸ ਪੱਤਰ ਨਾਲ ਨੱਥੀ ਕੀਤੇ ਗਏ ਹਨ।

12 ਇੰਸਟਾਲੇਸ਼ਨ ਸਮੇਂ ਕੰਪਨੀ ਦੇ ਇੰਜੀਨੀਅਰ ਦੁਆਰਾ ਮਾਸਕ ਪਾਇਆ ਹੋਣਾ ਯਕੀਨੀ ਬਣਾ ਲਿਆ ਜਾਵੇ ਅਤੇ social distance ਦਾ ਧਿਆਨ ਰੱਖਿਆ ਜਾਵੇ। ਸਰਕਾਰ ਵੱਲੋਂ ਕੋਵਿਡ-ਸਬੰਧੀ ਸਮੇਂ 19-ਸਮੇਂ ਤੇ ਜ਼ਾਰੀ ਕੀਤੀਆਂ ਜਾ ਰਹੀਆਂ guidelines ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

13 ਵਰਤੋਂ ਵਿੱਚ ਨਾ ਹੋਣ ਤੇ ਕੰਪਿਊਟਰਾਂ ਨੂੰ ਕਵਰ ਕਰਕੇ ਰੱਖਿਆ ਜਾਵੇ।

14 ਕੰਪਿਊਟਰਾਂ ਵਿੱਚ Pen-drive ਆਦਿ ਲਗਾਉਣ ਤੋਂ ਗੁਰੇਜ਼ ਕੀਤਾ ਜਾਵੇ ਕਿਉਂਕਿ ਇਸ ਨਾਲ ਕੰਪਿਊਟਰ ਵਿੱਚ virus ਆ ਸਕਦਾ ਹੈ, ਜਿਸ ਨਾਲ Operating System ਖ਼ਰਾਬ ਹੋ ਸਕਦਾ।

15 ਕਿਸੇ ਵੀ ਤਰ੍ਹਾਂ ਦੀ ਮੁਸ਼ਿਕਲ ਜਾਂ ਜਾਣਕਾਰੀ ਲਈ ਇਸ ਦਫ਼ਤਰ ਨਾਲ ਫੋਨ ਨੰ: 0172-5212328 ਤੇ ਸੰਪਰਕ ਕੀਤਾ ਜਾ ਸਕਦਾ ਹੈ।

Jyoti Soni

**ਸਹਾਇਕ ਡਾਇਰੈਕਟਰ (ਗਾਈਡੈਂਸ ਕਾਉਂਸਲਿੰਗ)**

**ਪੰਜਾਬ।**

**Procedure to register the complaint with M/s Acer India**

1 ਕੰਪਿਊਟਰ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਆਉਣ ਤੇ ਕੰਪਨੀ ਦੇ ਹੇਠ ਲਿਖੇ ਨੰਬਰਾਂ ਤੇ ਤੁਰੰਤ ਸ਼ਿਕਾਇਤ ਦਰਜ ਕਰਵਾਈ ਜਾਵੇ:-

| | |
|---|---|
| **Toll Free No** | **1800114100** |
| **Dedicated Phone Numbers (Monday to Saturday 9:30AM to 5:00PM)** | **0172-4677868**<br>**0172-4678071** |

2 ਇਸ ਤੋਂ ਇਲਾਵਾ ਕੰਪਨੀ ਦੇ ਹੇਠ ਲਿਖੀਆਂ ਈ-ਮੇਲਜ਼ ਅਤੇ Online Web portal ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ-

| | |
|---|---|
| **E-mail 1** | acer.helpdesk@sysnetglobal.com |
| **E-mail 2** | acersupport@in.aegisglobal.com |
| **Web portal Link** | http://customercare.acer-apac.com/CustomerSelfService/CaseBooking.aspx?CID=IN&LID=ENG |

3 ਈ-ਮੇਲ ਰਾਹੀਂ ਸ਼ਿਕਾਇਤ ਦਰਜ ਕਰਵਾਉਣ ਲਈ ਨਾਲ ਨੱਥੀ Performa fill ਕਰਕੇ ਨੱਥੀ ਕਰਨਾ ਯਕੀਨੀ ਬਣਾਇਆ ਜਾਵੇ।

4 ਉਕਤ ਦਿੱਤੇ ਕਿਸੇ ਵੀ ਤਰੀਕੇ ਨਾਲ ਸ਼ਿਕਾਇਤ ਦਰਜ ਕਰਵਾਉਣ ਸਮੇਂ Organization name ਵਿੱਚ Punjab ICT ਦਰਜ ਕਰਨਾ ਜਰੂਰੀ ਹੈ ਤਾਂ ਜੋ ਸ਼ਿਕਾਇਤਾਂ ਦੀ monitor/reporting ਸੌਖੇ ਤਰੀਕੇ ਨਾਲ ਕੀਤੀ ਜਾ ਸਕੇ। ਇਸ ਤੋਂ ਇਲਾਵਾ address column ਵਿੱਚ ਆਪਣੇ ਸਕੂਲ ਦਾ ਪੂਰਾ ਨਾਮ ਜਿਵੇਂ ਕਿ GSSS xxxxx ਅਤੇ ਜਿਲ੍ਹੇ ਦਾ ਨਾਮ ਵੀ ਦਰਜ ਕੀਤਾ ਜਾਵੇ।

5 ਕੰਪਨੀ ਵੱਲੋਂ ਇੱਕ ਮੋਬਾਇਲ ਨੰਬਰ ਵੀ ਲਿਆ ਜਾਵੇਗਾ ਜਿਸਤੇ ਕੰਪਨੀ ਵੱਲੋਂ complaint ID ਭੇਜੀ ਜਾਵੇਗੀ ਅਤੇ ਇੰਜੀਨਅਰ ਵੱਲੋਂ ਸਕੂਲ ਵਿੱਚ ਵਿਜ਼ਟ ਕਰਨ ਸਬੰਧੀ ਰਾਬਤਾ ਵੀ ਕਾਇਮ ਕੀਤਾ ਜਾ ਸਕਦਾ ਹੈ, ਸੋ ਉਹ ਮੋਬਾਇਲ ਨੰਬਰ ਹੀ ਦਿੱਤਾ ਜਾਵੇ ਜੋ ਚਾਲੂ ਹਾਲਤ ਵਿੱਚ ਹੋਵੇ।

6 ਸ਼ਿਕਾਇਤ ਦਰਜ ਕਰਵਾਉਣ ਸਮੇਂ ਖਰਾਬ ਹੋਈ ਆਇਟਮ ਦਾ serial number ਕੋਲ ਹੋਣਾ ਜ਼ਰੂਰੀ ਹੈ। ਸੋ ਸਾਰੀਆਂ ਆਇਟਮਾਂ ਦੇ serial number ਸਟਾਕ ਰਜਿਟਰ ਤੇ ਦਰਜ ਕਰ ਲਏ ਜਾਣ ਤਾਂ ਜੋ ਵਾਰ-ਵਾਰ serial number ਦੇਖਣ ਤੋਂ ਬਚਿਆ ਜਾ ਸਕੇ।

7 ਜੇਕਰ ਕੰਪਨੀ ਵੱਲੋਂ 3 ਦਿਨਾਂ ਦੇ ਅੰਦਰ-ਅੰਦਰ ਸ਼ਿਕਾਇਤ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ ਤਾਂ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.) ਦੇ ਦਫ਼ਤਰ ਵਿੱਚ ਆਈ.ਸੀ.ਟੀ. ਬ੍ਰਾਂਚ ਨੂੰ ਸੂਚਿਤ ਕੀਤਾ ਜਾਵੇ।

੪ ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਸਬੰਧੀ ਹੋਣ ਤੇ ਇਸ ਦਫ਼ਤਰ ਨਾਲ ਫੋਨ ਨੰ: 0172-5212328 ਤੇ ਸੰਪਰਕ ਕੀਤਾ ਜਾ ਸਕਦਾ ਹੈ।

9 ਸ਼ਿਕਾਇਤ ਦਰਜ ਕਰਵਾਉਣ ਦੇ ਉਕਤ ਤਰੀਕਿਆਂ ਨੂੰ ਪੋਸਟਰ ਦੇ ਰੂਪ ਵਿੱਚ ਦਫ਼ਤਰ ਵਿੱਚ ਰੱਖਿਆ ਜਾ ਸਕਦਾ ਹੈ ਤਾਂ ਜੋ ਭਵਿੱਖ ਵਿੱਚ ਸ਼ਿਕਾਇਤ ਦਰਜ ਕਰਵਾਉਣ ਸਬੰਧੀ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।